ਅਭਿਆਸ ੧੨

0335CH12

# ਰਹਿੰਦ-ਖੂੰਹਦ ਦਾ ਨਿਪਟਾਰਾ

## ਰਾਸ਼ਟਰੀ ਸਵੱਛਤਾ ਦਿਵਸ




© NCERT not to be republished

## ਵਿਚਾਰ-ਚਰਚਾ

- ਤਸਵੀਰ ਵਿੱਚ ਬੱਚੇ ਅਤੇ ਅਧਿਆਪਕ ਕੀ ਕਰ ਰਹੇ ਹਨ?
- ਉਹ ਪਾਰਕ ਦੀ ਸਫਾਈ ਕਿਉਂ ਕਰ ਰਹੇ ਹਨ?
- ਕੀ ਤੁਸੀਂ ਕਦੇ ਆਪਣੇ ਘਰ ਜਾਂ ਸਕੂਲ ਦੇ ਆਲੇ-ਦੁਆਲੇ ਕੂੜੇ ਦੇ ਢੇਰ ਲੱਗੇ ਵੇਖੇ ਹਨ?
- ਕੀ ਤੁਸੀਂ ਕਦੇ ਸੋਚਿਆ ਹੈ ਕਿ ਇਹ ਕੂੜਾ ਕਿੱਥੋਂ ਆਉਂਦਾ ਹੈ?

## ਗਤੀਵਿਧੀ ੧

- ਪੂਰੇ ਦਿਨ ਵਿਚ ਤੁਸੀਂ ਅਤੇ ਤੁਹਾਡੇ ਵੱਡਿਆਂ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਨੂੰ ਯਾਦ ਕਰੋ। ਇਹਨਾਂ ਕੰਮ ਕਰਨ ਨਾਲ ਕੂੜਾ ਕਿਵੇਂ ਇੱਕਠਾ ਹੋ ਜਾਂਦਾ ਹੈ? ਅੰਤ ਵਿੱਚ, ਅਸੀਂ ਕੂੜੇ ਦਾ ਕੀ ਕਰਦੇ ਹਾਂ?
- ਆਪਣੇ ਅਨੁਭਵ ਨੂੰ ਆਪਣੇ ਸਹਿਪਾਠੀਆਂ ਨਾਲ ਸਾਂਝਾ ਕਰੋ।



not to be republished © NCERT

**ਅਧਿਆਪਕ ਨੋਟ**

ਬੱਚਿਆਂ ਨੂੰ ਉਸ ਕੰਮ ਦੇ ਬਾਰੇ ਜਾਣਕਾਰੀ ਦਿਓ। ਜਿਸ ਨਾਲ ਕੂੜਾ-ਕਚਰਾ ਪੈਦਾ ਹੁੰਦਾ ਹੈ, ਜਿਵੇਂ ਕਿ, ਡਿੱਬਾ ਬੰਦ ਭੋਜਨ ਅਤੇ ਖਾਣ ਵਾਲੀਆਂ ਚੀਜ਼ਾਂ, ਪਲਾਸਟਿਕ ਅਤੇ ਸਜਾਵਟ ਦਾ ਸਮਾਨ ਆਦਿ।





## ਕੂੜਾ ਕਿਵੇਂ ਇੱਕਠਾ ਹੁੰਦਾ ਹੈ?

ਸਾਡੇ ਰੋਜ਼ਾਨਾ ਕੰਮਾਂ ਵਿਚ ਬਹੁਤ ਸਾਰਾ ਕੂੜਾ ਇੱਕਠਾ ਹੁੰਦਾ ਹੈ। ਅਸੀਂ ਪੁਰਾਣੇ ਕੱਪੜੇ, ਟਿਨ, ਬੋਤਲਾਂ, ਕਾਗਜ਼, ਸਬਜ਼ੀਆਂ ਅਤੇ ਫਲਾਂ ਦੇ ਛਿਲਕੇ, ਪਲਾਸਟਿਕ ਰੈਪਰ, ਪੈਨਸਿਲ, ਸ਼ੈਵਿੰਗ, ਪੁਰਾਣੀਆਂ ਬੈਟਰੀਆਂ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਦਾ ਨਿਪਟਾਰਾ ਕਰਦੇ ਹਾਂ।

ਅਸੀਂ ਰਹਿੰਦ-ਖੁਹੰਦ ਨੂੰ ਸੁੱਟਦੇ ਹਾਂ ਪਰ ਕਈ ਵਾਰ ਅਸੀਂ ਦੇਖਦੇ ਹਾਂ, ਕਿ ਇਹ ਕੂੜੇ ਦੇ ਢੇਰ ਕਾਫ਼ਾ ਵੱਡੇ ਬਣ ਜਾਂਦੇ ਹੈ। ਇਹ ਕੂੜੇ ਦੇ ਢੇਰ ਹਨ ਜੋ ਤੁਸੀਂ ਆਪਣੇ ਘਰ, ਸਕੂਲ ਜਾਂ ਗੁਆਂਢ ਵਿੱਚ ਵੇਖਦੇ ਹੋ।

- ਤੁਸੀਂ ਇਸ ਬਾਰੇ ਕੀ ਸੋਚਦੇ ਹੋ?
- ਕੀ ਤੁਸੀਂ ਸੋਚਦੇ ਹੋ ਕਿ ਅਸੀਂ ਇਸ ਬਾਰੇ ਕੁਝ ਕਰ ਸਕਦੇ ਹਾਂ?


## ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨਾ

ਸਾਨੂੰ ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨਾ ਸਿੱਖਣਾ ਚਾਹੀਦਾ ਹੈ। ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨਾ ਸਾਡੇ ਆਪਣੇ ਹੱਥਾਂ ਵਿੱਚ ਹੈ। ਸਾਡੇ ਵਿੱਚੋਂ ਹਰੇਕ ਨੂੰ ਰਹਿੰਦ-ਖੂੰਹਦ ਦਾ ਪ੍ਰਬੰਧਨ ਕਰਨਾ ਸਿੱਖਣਾ ਪਵੇਗਾ। ਅਸੀਂ ਉਨ੍ਹਾਂ ਲੋਕਾਂ ਅਤੇ ਥਾਵਾਂ ਤੋਂ ਸਿੱਖ ਸਕਦੇ ਹਾਂ ਜੋ ਆਪਣੇ ਕੂੜੇ ਦਾ ਚੰਗੀ ਤਰ੍ਹਾਂ ਪ੍ਰਬੰਧਨ ਕਰ ਰਹੇ ਹਨ।

ਆਓ ਦੇਖੀਏ ਕਿ ਉਹ ਕੀ ਕਰਦੇ ਹਨ ਅਤੇ ਉਹ ਇਹ ਕਿਵੇਂ ਕਰਦੇ ਹਨ!



## ਰਹਿੰਦ-ਖੂੰਹਦ ਪ੍ਰਬੰਧਨ ਦੇ ਤਰੀਕੇ



ਅਕਸਰ, ਤੁਹਾਨੂੰ ਸੜਕ ਕਿਨਾਰੇ, ਘਰਾਂ ਅਤੇ ਚੌਂਕ ਦੇ ਨੇੜੇ ਕੂੜਾ ਮਿਲੇਗਾ। ਭੋਜਨ ਵਿੱਚ ਪਲਾਸਟਿਕ ਹੋਣ ਕਾਰਨ ਗਊਆਂ ਅਤੇ ਹੋਰ ਜਾਨਵਰ ਖਾਣ ਨਾਲ ਮਰ ਸਕਦੇ ਹਨ। ਕੁਝ ਲੋਕ ਪਲਾਸਟਿਕ ਸਾੜਦੇ ਹਨ ਜੋ ਹਾਨੀਕਾਰਕ ਗੈਸਾਂ ਪੈਦਾ ਹੁੰਦੀਆਂ ਹਨ।

ਲੋਕ ਆਪਣੇ ਆਲੇ-ਦੁਆਲੇ ਦੇ ਕੂੜੇ ਕਾਰਨ ਬਿਮਾਰ ਹੁੰਦੇ ਹਨ। ਸੜਕਾਂ ਤੇ ਖੱਡਿਆਂ ਵਿਚ ਗੰਦਾ ਪਾਣੀ ਇੱਕਠਾ ਹੋਇਆ ਦੇਖਿਆ ਜਾ ਸਕਦਾ ਹੈ। ਇਸ ਨਾਲ ਮੱਛਰ ਪੈਦਾ ਹੁੰਦਾ ਹੈ। ਜਿਸ ਦੇ ਕੱਟਣ ਨਾਲ ਬਿਮਾਰੀਆਂ ਦਾ ਕਾਰਨ ਬਣਦਾ ਹੈ। ਗੰਦੇ ਪਾਣੀ ਵਿੱਚ ਅਜਿਹੇ ਕੀਟਾਣੂ ਹੁੰਦੇ ਹਨ,ਜੋ ਬਿਮਾਰੀਆਂ ਦਾ ਕਾਰਨ ਬਣਦੇ ਹਨ।

ਪਰ ਕੁਝ ਥਾਵਾਂ 'ਤੇ, ਲੋਕ ਆਪਣੇ ਘਰਾਂ ਅਤੇ ਆਲੇ ਦੁਆਲੇ ਦੀ ਸਫਾਈ ਲਈ ਬਹੁਤ ਮਿਹਨਤ ਕਰਦੇ ਹਨ। ਅਸੀਂ ਅਗਲੇ ਭਾਗ ਵਿੱਚ ਸਿੱਖਾਂਗੇ ਕਿ ਉਹ ਅਜਿਹਾ ਕਿਵੇਂ ਕਰਦੇ ਹਨ।

### ਗਤੀਵਿਧੀ ੨

ਆਪਣੇ ਆਲੇ-ਦੁਆਲੇ ਦਾ ਨਿਰੀਖਣ ਕਰੋ।

### ਵਿਚਾਰ-ਚਰਚਾ

- ਤੁਹਾਡੇ ਸਕੂਲ ਦਾ ਆਲਾ-ਦੁਆਲਾ ਕਿੰਨਾ ਸਾਫ਼ ਹੈ?
- ਕੀ ਤੁਹਾਨੂੰ ਆਪਣੇ ਜਮਾਤਾਂ ਦੇ ਅੰਦਰ- ਬਾਹਰ ਜਾਂ ਸਕੂਲ ਦੇ ਮੈਦਾਨਾਂ ਵਿੱਚ ਕੂੜਾ ਪਿਆ ਮਿਲਦਾ ਹੈ?

© NCERT not to be republished



(ਉਤਾਰਾ(ਛਾਪਾ

ਕਿਸੇ ਇਲਾਕੇ ਦੀ ਤਸਵੀਰ ਬਣਾਓ ਜਾਂ ਖਿੱਚੋ। ਉਨ੍ਹਾਂ ਥਾਵਾਂ ਦੀ ਪਛਾਣ ਕਰੋ ਜਿੱਥੇ ਕੂੜਾ,ਗੰਦਾ ਪਾਣੀ ਜਾਂ ਧੂੰਆਂ ਹੈ। ਇਹ ਪਤਾ ਕਰਨ ਦੀ ਕੋਸ਼ਿਸ਼ ਕਰੋ ਕਿ ਕੂੜਾ ਉੱਥੇ ਕਿਵੇਂ ਪਹੁੰਚਦਾ ਹੈ।

ਜੇ ਤੁਸੀਂ ਕਿਸੇ ਅਜਿਹੀ ਜਗ੍ਹਾ ਤੇ ਰਹਿੰਦੇ ਹੋ ਜੋ ਆਪਣੇ ਕੂੜੇ ਦਾ ਚੰਗੀ ਤਰ੍ਹਾਂ ਪ੍ਰਬੰਧਨ ਕਰਦੀ ਹੈ, ਤਾਂ ਆਪਣੇ ਵੱਡਿਆਂ ਨੂੰ ਪੁੱਛੋ ਕਿ ਇਹ ਕਿਵੇਂ ਕੀਤਾ ਜਾਂਦਾ ਹੈ। ਜਮਾਤ ਵਿੱਚ ਇਸ ਬਾਰੇ ਸਾਰਿਆਂ ਨੂੰ ਦਸੋ।

ਹੁਣ ਅਸੀਂ ਉਨ੍ਹਾਂ ਲੋਕਾਂ ਬਾਰੇ ਗੱਲ ਕਰਾਗੇ ਜੋ ਕੂੜੇ ਦਾ ਚੰਗੀ ਤਰ੍ਹਾਂ ਪ੍ਰਬੰਧਨ ਕਰਦੇ ਹਨ।

## ਰਹਿੰਦ-ਖੂੰਹਦ ਘਟਾਓ



ਬਹੁਤ ਸਾਰੇ ਲੋਕ ਭੋਜਨ,ਪੀਣ ਵਾਲੀਆਂ ਬੋਤਲਾਂ ਜਿੰਨ੍ਹਾਂ ਨੂੰ ਰੈਪਰ ਜਾਂ ਪਲਾਸਟਿਕ ਨਾਲ ਪੈਕ ਕੀਤਾ ਜਾਂਦਾ ਹੈ ਉਹਨਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਕੂੜੇ ਨੂੰ ਘਟਾਉਣ ਲਈ ਪਲਾਸਟਿਕ ਦੇ ਬੈਗਾਂ ਦੀ ਥਾਂ ਕੱਪੜੇ ਦੇ ਥੈਲਿਆਂ ਦੀ ਵਰਤੋਂ ਕਰਦੇ ਹਨ।

ਕੀ ਤੁਸੀਂ ਕਦੇ ਅਜਿਹਾ ਕਰਨ ਦੀ ਕੋਸ਼ਿਸ਼ ਕੀਤੀ ਹੈ?

**ਆਪਣੇ ਵੱਲੋਂ ਕੂੜੇ ਦੀ ਮਾਤਰਾ ਨੂੰ ਘਟਾਓ** ਇਹ ਪਹਿਲਾ ਨਿਯਮ ਹੈ ਜਿਸ ਦੀ ਉਹ ਪਾਲਣਾ ਕਰਦੇ ਹਨ।

© NCERT not to be republished



## ਗਤੀਵਿਧੀ ੩

ਤੁਸੀਂ ਰਹਿੰਦ-ਖੂੰਹਦ ਨੂੰ ਘਟਾਉਣ ਵਿੱਚ ਕਿਵੇਂ ਮਦਦ ਕਰ ਸਕਦੇ ਹੋ?




ਆਪਣੇ ਪੁਰਾਣੇ ਖਿਡੌਣਿਆਂ ਅਤੇ ਕਿਤਾਬਾਂ ਨੂੰ ਉਨ੍ਹਾਂ ਲੋਕਾਂ ਨਾਲ ਸਾਂਝਾ ਕਰਕੇ ਸਵੱਛਤਾ ਮੁਹਿੰਮ ਦਾ ਹਿੱਸਾ ਬਣੋ ਜਿਨ੍ਹਾਂ ਨੂੰ ਉਨ੍ਹਾਂ ਦੀ ਜ਼ਰੂਰਤ ਹੈ ਜੋ ਉਨ੍ਹਾਂ ਨੂੰ ਖਰੀਦਣ ਦਾ ਖਰਚਾ ਨਹੀਂ ਚੁੱਕ ਸਕਦੇ।

ਤੁਸੀਂ ਹੋਰ ਕਿਹੜੇ ਤਰੀਕਿਆਂ ਨਾਲ ਮਦਦ ਕਰ ਸਕਦੇ ਹੋ?

ਜਿੰਨੀਆਂ ਜ਼ਿਆਦਾ ਚੀਜ਼ਾਂ ਅਸੀਂ ਖਰੀਦਦੇ ਹਾਂ, ਓਨੀ ਹੀ ਜ਼ਿਆਦਾ ਚੀਜ਼ਾਂ ਅਸੀਂ ਸੁੱਟ ਦਿੰਦੇ ਹਾਂ ਅਤੇ ਓਨਾ ਹੀ ਜ਼ਿਆਦਾ ਕੂੜਾ ਪੈਦਾ ਹੁੰਦਾ ਹੈ। ਸਾਨੂੰ ਲੋੜ ਅਨੁਸਾਰ ਹੀ ਚੀਜ਼ਾਂ ਨੂੰ ਖਰੀਦਣੀਆਂ ਚਾਹੀਦੀਆਂ ਹੈ ਅਤੇ ਉਨ੍ਹਾਂ ਦੀ ਵਰਤੋਂ ਉਦੋਂ ਤੱਕ ਕਰਨੀ ਚਾਹੀਦੀ ਹੈ। ਜਦੋਂ ਤੱਕ ਉਹ ਵਰਤੋਂ ਯੋਗ ਨਹੀਂ ਹੁੰਦੀਆਂ।

ਅਸੀਂ ਜਿੰਨਾ ਸੰਭਵ ਹੋ ਸਕੇ ਘੱਟ ਤੋਂ ਘੱਟ ਰਹਿੰਦ-ਖੂੰਹਦ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦੇ ਹਾਂ।

## ਮੁੜ ਵਰਤੋਂ ਯੋਗ ਬਣਾਉਣਾ

ਜੋ ਬਹੁਤ ਸਾਰੇ ਲੋਕ ਕਰਦੇ ਹਨ ਉਹ ਇਹ ਹੈ ਕਿ ਉਹ ਚੀਜ਼ਾਂ ਨੂੰ ਸੁੱਟਣ ਦੀ ਬਜਾਏ ਦੁਬਾਰਾ ਵਰਤੋਂ ਯੋਗ ਬਣਾਉਂਦੇ ਹਨ। ਸਾਡੇ ਦਾਦਾ-ਦਾਦੀ ਪੁਰਾਣੇ ਕੱਪੜੇ ਨਹੀਂ ਸੁੱਟਦੇ ਸਨ। ਉਨ੍ਹਾਂ ਨੇ ਪੁਰਾਣੇ ਕਪੜਿਆਂ ਤੋਂ ਰਜਾਈਆਂ,ਸਾੜ੍ਹੀਆਂ ਅਤੇ ਬੈਗ ਬਣਾਉਂਦੇ ਸਨ। ਕਈ ਵਾਰ ਉਹ ਉਨ੍ਹਾਂ ਲੋਕਾਂ ਨੂੰ ਪੁਰਾਣੇ ਕੱਪੜੇ ਵੀ ਦਿੰਦੇ ਹਨ ਜਿਨ੍ਹਾਂ ਨੂੰ ਕੱਪੜਿਆਂ ਦੀ ਜ਼ਰੂਰਤ ਹੁੰਦੀ ਹੈ।

ਗਿਫਟ ਰੈਪਿੰਗ ਲਈ ਅਖ਼ਬਾਰਾਂ ਜਾਂ ਪੁਰਾਣੇ ਕੱਪੜੇ ਦੀ ਵਰਤੋਂ ਇੱਕ ਵਾਤਾਵਰਣ-






© NCERT not to be republished

## ਗਤੀਵਿਧੀ ੪

ਅਨੁਕੂਲ ਅਭਿਆਸ ਹੈ ਜੋ ਰਹਿੰਦ-ਖੂੰਹਦ ਨੂੰ ਘਟਾਉਂਦਾ ਹੈ ਅਤੇ ਸਰੋਤਾਂ ਦੀ ਬਚਤ ਕਰਦਾ ਹੈ। ਇੰਨ੍ਹਾਂ ਚੀਜ਼ਾਂ ਦੀ ਰਚਨਾਤਮਕ ਵੱਰਤੋਂ ਕੱਰਕੇ, ਅਸੀਂ ਨਾ ਸਿਰਫ ਆਪਣੀ ਰਹਿੰਦ-ਖੂੰਹਦ ਨੂੰ ਘਟਾਂਉਂਦੇ ਹਾਂ ਬਲਕਿ ਆਪਣੇ ਤੋਹਫ਼ਿਆਂ ਵਿੱਚ ਇੱਕ ਵਿਅਕਤੀਗਤ ਮੋਹ ਵੀ ਜੋੜਦੇਂ ਹਾਂ।

### ਤੁਸੀਂ ਵਸਤੂਆਂ ਦੀ ਰਹਿੰਦ-ਖੂੰਹਦ ਨੂੰ ਘਟਾ ਕੇ ਕਿਵੇਂ ਮੁੜ ਵਰਤੋਂ ਕਰ ਸਕਦੇ ਹੋ?

ਤੁਸੀਂ ਰਫ ਕੰਮ ਲਈ ਵਰਤਿਆ ਗਏ ਪੇਜ਼ ਦੀ ਮੁੜ ਵਰਤੋਂ ਕਰ ਸਕਦੇ ਹੋ। ਪਾਣੀ ਦੀ ਬੋਤਲ ਖਰੀਦਣ ਦੀ ਬਜਾਏ, ਸਟੀਲ ਜਾਂ ਤਾਂਬੇ ਤੋਂ ਬਣੀ ਬੋਤਲ ਨੂੰ ਭਰ ਕੇ ਮੁੜ ਵਰਤੋਂ ਕਰ ਸਕਦੇ ਹੋ। ਤੁਸੀਂ ਪੁਰਾਣੇ ਅਖਬਾਰਾਂ, ਪੁਰਾਣੇ ਕੈਲੰਡਰਾਂ, ਬੋਤਲਾਂ, ਡੱਬਿਆਂ ਆਦਿ ਦੀ ਵਰਤੋਂ ਕਰਕੇ ਖਿਡੌਣੇ ਜਾਂ ਸਜਾਵਟ ਦਾ ਸਮਾਨ ਬਣਾ ਸਕਦੇ ਹੋ। ਇੱਥੇ ਅਜਿਹਾ ਹੀ ਇੱਕ ਤਰੀਕਾ ਹੈ। ਤੁਹਾਨੂੰ ਸਿਰਫ ਕੁਝ ਅਖ਼ਬਾਰ ਦੀ ਲੋੜ ਹੈ। ਕੋਈ ਕੈਂਚੀ ਨਹੀਂ! ਕੋਈ ਗੂੰਦ ਨਹੀਂ! ਸਿਰਫ਼ ਕਾਗਜ਼!



ਕਾਗਜ਼ ਦਾ ਬੈਗ ਬਣਾਉਣ ਲਈ ਕਦਮ

**ਅਧਿਆਪਕ ਨੋਟ**

ਤੁਸੀਂ ਅਖਬਾਰਾਂ ਅਤੇ ਹੋਰ ਰਹਿੰਦ-ਖੂੰਹਦ ਸਮੱਗਰੀ ਦੀ ਵਰਤੋਂ ਕਰਕੇ ਬਹੁਤ ਸਾਰੀਆਂ ਚੀਜ਼ਾਂ ਬਣਾ ਸਕਦੇ ਹੋ। ਵਿਚਾਰਾਂ ਲਈ http://arvindguptatoys.com/ ਦੇਖੋ।

© NCERT not to be republished



## ਗਤੀਵਿਧੀ ੫


ਘਰ ਵਿਚ ਕੰਮ ਨਾ ਆਉਣ ਵਾਲੀਆਂ ਬੇਕਾਰ ਵਸਤੂਆਂ ਦਾ ਉਪਯੋਗ ਕਰਕੇ ਕੋਈ ਅਜਿਹੀ ਵਸਤੂ ਬਣਾਓ ਜਿਸ ਨਾਲ ਕਿਸੇ ਨੂੰ ਤੋਹਫ਼ੇ ਵਜੋਂ ਦੇ ਸਕਦੇ ਹੋ।

### ਧੰਨਵਾਦ ਕਰੋ!

ਤੁਸੀਂ ਇਹ ਉਸ ਵਿਅਕਤੀ ਨੂੰ ਦੇ ਸਕਦੇ ਹੋ ਜੋ ਇਲਾਕੇ ਜਾਂ ਘਰ ਨੂੰ ਸਾਫ਼ ਰੱਖਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਨੂੰ ਦੱਸੋ ਕਿ ਤੁਸੀਂ ਇਹ ਇਸ ਲਈ ਬਣਾਇਆ ਹੈ ਤਾਂ ਜੋ ਤੁਸੀਂ ਰਹਿੰਦ-ਖੂੰਹਦ ਅਤੇ ਉਨ੍ਹਾਂ ਦੇ ਕੰਮ ਦੇ ਭਾਰ ਨੂੰ ਘਟਾ ਸਕੋ। ਉਨ੍ਹਾਂ ਨੂੰ 'ਧੰਨਵਾਦ' ਕਹਿਣਾ ਨਾ ਭੁੱਲੋ।

## ਮਾਣ ਕਰਨ ਲਾਇਕ ਸਥਾਨ

ਹੇਠਾਂ ਦੱਸੇ ਗਏ ਬਹੁਤ ਸਾਰੇ ਪਿੰਡਾਂ ਅਤੇ ਸ਼ਹਿਰਾਂ ਦੇ ਆਲੇ ਦੁਆਲੇ ਕੂੜਾ ਪਿਆ ਹੋਇਆ ਸੀ। ਪਰ ਹੁਣ ਉਹ ਸ਼ਾਇਦ ਦੇਸ਼ ਦੇ ਸਭ ਤੋਂ ਸਾਫ਼ ਖੇਤਰ ਹਨ। ਇਨ੍ਹਾਂ ਥਾਵਾਂ ਦੇ ਲੋਕਾਂ ਨੇ ਆਪਣੇ ਆਲੇ-ਦੁਆਲੇ ਨੂੰ ਕਿਵੇਂ ਬਦਲਿਆ?





© NCERT not to be republished

ਆਓ ਅੱਜ ਅਰੁਣਾਚਲ ਪ੍ਰਦੇਸ਼ ਦੇ ਸਿਲੁਕ ਨਾਮਦੇ ਇੱਕ ਪਿੰਡ ਦਾ ਦੌਰਾ ਕਰੀਏ। ਜਿਵੇਂ ਹੀ ਅਸੀਂ ਪਿੰਡ ਵਿੱਚ ਦਾਖਲ ਹੁੰਦੇ ਹਾਂ, ਅਸੀਂ ਸਾਫ਼ ਸੜਕਾਂ ਵੇਖਦੇ ਹਾਂ। ਸੜਕਾਂ ਦੇ ਕਿਨਾਰੇ ਜਾਂ ਕੋਨਿਆਂ ਜਾਂ ਖੁੱਲ੍ਹੀਆਂ ਥਾਵਾਂ 'ਤੇ ਕੋਈ ਕੂੜਾ ਨਹੀਂ ਪਿਆ ਸੀ। ਰੁੱਖਾਂ ਨਾਲ ਭਰੀਆਂ ਸੜਕਾਂ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਅਸੀਂ ਕਿਸੇ ਬਾਗ਼ ਵਿੱਚ ਘੁੰਮ  ਰਹੇ ਹਾਂ! ਇਸ ਪਿੰਡ ਨੂੰ ਆਪਣੇ ਕੂੜੇ ਦਾ ਸਭ ਤੋਂ ਵਧੀਆ ਤਰੀਕੇ ਨਾਲ ਪ੍ਰਬੰਧਨ ਕਰਨ ਲਈ ਇੱਕ ਪੁਰਸਕਾਰ ਮਿਲਿਆ ਹੈ। ਇਸ ਨੂੰ 'ਰਹਿੰਦ-ਖੂੰਹਦ ਮੁਕਤ ਪਿੰਡ ਕਿਹਾ ਜਾਂਦਾ ਹੈ।

ਸਿਲੁਕ ਦੀ ਤਰ੍ਹਾਂ ਸਾਡੇ ਦੇਸ਼ ਵਿੱਚ ਬਹੁਤ ਸਾਰੇ ਹੋਰ ਪਿੰਡ ਹਨ ਜੋ ਕੂੜਾ ਪ੍ਰਬੰਧਨ ਦੇ ਲਈ ਜਾਣੇ ਜਾਂਦੇ ਹਨ। ਛੋਟਾ ਨਰੇਨਾ ਦੇਸ਼ ਦਾ ਪਹਿਲਾਂ ਪਿੰਡ ਜੋ ਕੂੜਾ-ਮੁਕਤ ਹੈ।

ਇੰਦੌਰ ਅਤੇ ਮੈਸੂਰੂ ਵਰਗੇ ਕਈ ਹੋਰ ਕਸਬਿਆਂ ਅਤੇ ਸ਼ਹਿਰਾਂ ਨੂੰ ਸਵੱਛ ਸ਼ਹਿਰ ਮੰਨਿਆ ਜਾਂਦਾ ਹੈ।








- ਆਪਣੇ ਵੱਡਿਆਂ ਨੂੰ ਪੁੱਛੋ, ਕੀ ਕੋਈ ਅਜਿਹਾ ਪਿੰਡ, ਕਸਬਾ ਜਾਂ ਸ਼ਹਿਰ ਹੈ ਜਿਸ ਬਾਰੇ ਉਹ ਜਾਣਦੇ ਹਨ, ਜੋ ਆਪਣੀ ਸਫਾਈ ਲਈ ਜਾਣਿਆ ਜਾਂਦਾ ਹੈ। ਤੁਸੀਂ ਆਪਣੇ ਵੱਡਿਆਂ ਤੋਂ ਜਾਣਕਾਰੀ ਲੈ ਕੇ ਆਪਣੀ ਜਮਾ ਵਿੱਚ ਸਾਂਝਾ ਕਰ ਸਕਦੇ ਹੋ।
- ਆਪਣੇ ਮਾਪਿਆਂ ਜਾਂ ਅਧਿਆਪਕਾਂ ਤੋਂ ਇਸ ਬਾਰੇ ਪਤਾ ਕਰੋ ਸਵੱਛ ਭਾਰਤ ਅਭਿਆਨ ਦੇ ਬਾਰੇ ਵਿਚ ਹੋਰ ਜਾਣਕਾਰੀ ਪ੍ਰਾਪਤ ਕਰੋ।





© NCERT not to be republished

# ਵਿਭਿੰਨ ਤਰ੍ਹਾਂ ਦੇ ਕਚਰੇ ਨੂੰ ਅੱਲਗ ਕਰਨਾ



ਜੇ ਤੁਸੀਂ ਆਲੇ ਦੁਆਲੇ ਵੇਖੋਗੇ, ਤਾਂ ਤੁਹਾਨੂੰ ਦੋ ਰੰਗਾਂ ਦੇ ਡਸਟਬਿਨ ਨਜ਼ਰ ਆਉਣਗੇ। ਇਹਨਾਂ ਨੂੰ ਤੁਹਾਡੇ ਸਕੂਲ, ਸਥਾਨਕ ਬਾਜ਼ਾਰ, ਪਾਰਕ ਜਾਂ ਬੱਸ ਸਟੈਂਡ, ਰੇਲਵੇ ਪਲੇਟਫਾਰਮ ਜਾਂ ਕਿਸੇ ਦੁਕਾਨ 'ਤੇ ਰੱਖਿਆ ਜਾ ਸਕਦਾ ਹੈ। ਇਹ ਦੋ ਕਿਸਮਾਂ ਦੇ ਡਸਟਬਿਨ ਕਿਉਂ ਵਰਤੇ ਜਾਂਦੇ ਹਨ? ਆਓ ਇਹ ਜਾਣਨ ਹਾਂ ਕਿ ਅਸੀਂ ਇਨ੍ਹਾਂ ਕੂੜੇਦਾਨ ਵਿੱਚ ਕੀ ਪਾਉਂਦੇ ਹਾਂ।

ਹਰਾ ਕੂੜੇਦਾਨ ਵਿਚ ਸੁੱਕੇ ਪੱਤੇ ਜਾਂ ਸ਼ਾਖਾਵਾਂ ਵਰਗੀਆਂ ਚੀਜ਼ਾਂ, ਫਲਾਂ ਦੇ ਛਿਲਕੇ, ਸਬਜ਼ੀਆਂ ਦੀ ਰਹਿੰਦ-ਖੂੰਹਦ ਜਾਂ ਆਂਡੇ ਦੇ ਛਿਲਕੇ ਪਾਉਣ ਲਈ ਵਰਤਿਆ ਜਾਂਦਾ ਹੈ। ਇਹ ਸਮੱਗਰੀ ਆਸਾਨੀ ਨਾਲ ਸੜ ਕੇ ਮਿੱਟੀ ਵਿਚ ਮਿਲ ਜਾਂਦੀਆਂ ਹਨ। ਹਰੇ ਕੂੜੇਦਾਨ ਵਿਚਲੇ ਕੂੜੇ ਨੂੰ ਮਿੱਟੀ ਵਿਚ ਮਿਲਾਇਆ ਜਾ ਸਕਦਾ ਹੈ ਜਿੱਥੇ ਇਹ ਪੌਦਿਆਂ ਅਤੇ ਮਿੱਟੀ ਵਿਚ ਰਹਿਣ ਵਾਲੇ ਛੋਟੇ ਜਾਨਵਰਾਂ ਲਈ ਖਾਦ ਭੋਜਨ ਵਿਚ ਬਦਲ ਜਾਂਦਾ ਹੈ।



**ਨੀਲਾ ਕੂੜੇਦਾਨ** ਧਾਤ, ਸ਼ੀਸ਼ੇ, ਪਲਾਸਟਿਕ ਅਤੇ ਕਾਗਜ਼ ਤੋਂ ਬਣੀਆਂ ਚੀਜ਼ਾਂ ਲਈ ਵਰਤਿਆ ਜਾਂਦਾ ਹੈ। ਨਵੀਆਂ ਚੀਜ਼ਾਂ ਧਾਤ, ਸ਼ੀਸ਼ੇ, ਪਲਾਸਟਿਕ ਜਾਂ ਕਾਗਜ਼ ਵਰਗੀਆਂ ਸਮੱਗਰੀਆਂ ਤੋਂ ਬਣਾਈਆਂ ਜਾ ਸਕਦੀਆਂ ਹਨ ਜੋ ਸੁੱਟ ਦਿੱਤੀਆਂ ਗਈਆਂ ਹਨ। ਇਸ ਨੂੰ ਕਿਹਾ ਜਾਂਦਾ ਹੈ ਪੁਨਰ-ਵਰਤਣਯੋਗ(**ਰੀਸਾਈਕਲਿੰਗ**) ਕੁਝ ਪਿੰਡਾਂ ਵਿੱਚ ਇਨ੍ਹਾਂ ਵਿੱਚੋਂ ਹਰੇਕ ਸਮੱਗਰੀ ਲਈ ਵੱਖਰੇ ਤੌਰ 'ਤੇ ਡੱਬੇ ਹੁੰਦੇ ਹਨ ਤਾਂ ਜੋ ਉਨ੍ਹਾਂ ਨੂੰ ਰੀਸਾਈਕਲਿੰਗ ਲਈ ਵੱਖ-ਵੱਖ ਥਾਵਾਂ 'ਤੇ ਭੇਜਣਾ ਆਸਾਨ ਹੋਵੇ। ਪਿੰਡ ਅਤੇ ਕਸਬੇ ਜੋ ਉਨ੍ਹਾਂ ਦੇ ਰਹਿੰਦ-ਖੂੰਹਦ ਨੂੰ ਵੱਖ ਕਰਕੇ ਰੀਸਾਈਕਲ ਕੀਤਾ ਜਾਂਦਾ ਹੈ। ਆਪਣੇ ਆਲੇ ਦੁਆਲੇ ਨੂੰ ਸਾਫ਼ ਰੱਖਣ ਦੇ ਯੋਗ ਹਨ। ਉਹ ਰਹਿੰਦ-ਖੂੰਹਦ ਦਾ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕਰਦੇ ਹਨ।







© NCERT not to be republished

**ਗਤੀਵਿਧੀ ੬**

## ਕੂੜੇ ਨੂੰ ਵੱਖ ਕਰੋ

ਹੇਠਾਂ ਦੋ ਕੂੜੇਦਾਨ ਦੇ ਚਿੱਤਰ ਬਣਾਏ ਗਏ ਹਨ। ਇਹਨਾਂ ਵਿਚ ਪਾਈਆਂ ਜਾਣ ਵਾਲੀਆਂ ਵਸਤੂਆਂ ਦੇ ਨਾਮ ਲਿਖੋ।

ਪਲਾਸਟਿਕ ਦੀਆਂ ਬੋਤਲਾਂ, ਪੱਤੇ, ਪਿਆਜ਼ ਦੇ ਛਿਲਕੇ, ਲਾਈਟ ਬਲਬ, ਸੜੇ ਹੋਏ ਫਲ, ਕਾਗਜ਼, ਆਂਡੇ ਦੇ ਛਿਲਕੇ, ਵਰਤੇ ਗਏ ਪਲਾਸਟਿਕ ਦੇ ਦੁੱਧ ਦੇ ਪੈਕੇਟ, ਕੱਪੜਾ।



ਸਾਡੇ ਵਿੱਚੋਂ ਹਰ ਕੋਈ ਆਪਣੇ ਘਰ, ਗੁਆਂਢ, ਸਕੂਲ, ਸ਼ਹਿਰ ਅਤੇ ਦੇਸ਼ ਨੂੰ ਸਾਫ਼ ਰੱਖਣ ਵਿੱਚ ਮਦਦ ਕਰ ਸਕਦਾ ਹੈ।

**ਅਧਿਆਪਕ ਨੋਟ**

ਤੁਸੀਂ ਇਸ ਗਤੀਵਿਧੀ ਦੀ ਵਰਤੋਂ ਇਹ ਵੀ ਸਮਝਾਉਣ ਲਈ ਕਰ ਸਕਦੇ ਹੋ ਕਿ ਤੇਜ਼ ਜਾਂ ਨੋਕੀਲੀ ਨੁਕਸਾਨਦੇਹ ਚੀਜ਼ਾਂ ਜਿਵੇਂ ਕਿ ਟੁੱਟੇ ਹੋਏ ਸ਼ੀਸ਼ੇ, ਸੂਈਆਂ ਆਦਿ ਨੂੰ ਕੱਪੜੇ ਅਤੇ ਕਾਗਜ਼ ਵਿੱਚ ਲਪੇਟ ਕੇ ਰੱਖਣਾ ਚਾਹੀਦਾ ਹੈ ਤਾਂ ਜੋ ਸਫਾਈ ਕਰਮਚਾਰੀਆਂ ਨੂੰ ਉਨ੍ਹਾਂ ਨੂੰ ਸੰਭਾਲਦੇ ਸਮੇਂ ਨੁਕਸਾਨ ਨਾ ਹੋਵੇ।

© NCERT not to be republished



### ਲਿਖਣਾ

- ਉਹਨਾਂ ਚੀਜ਼ਾਂ ਦੀ ਸੂਚੀ ਬਣਾਓ ਜੋ ਤੁਸੀਂ ਆਪਣੇ ਘਰ ਅਤੇ ਜਮਾਤ ਨੂੰ ਸਾਫ਼ ਰੱਖਣ ਲਈ ਕਰ ਸਕਦੇ ਹੋ?

  ਮੈਂ ਆਪਣੇ ਕਮਰੇ ਨੂੰ ਸਾਫ਼ ਰੱਖ ਸਕਦਾ ਹਾਂ।

- ਉਹਨਾਂ ਉਪਕਰਣਾਂ ਦੀ ਇੱਕ ਸੂਚੀ ਬਣਾਓ ਜਿੰਨ੍ਹਾਂ ਨੂੰ ਤੁਸੀਂ ਆਪਣੇ ਸਕੂਲ ਜਾਂ ਗੁਆਂਢ ਵਿੱਚ ਸਫਾਈ ਲਈ ਵਰਤੋ ਕਰਦੇ ਵੇਖਿਆ ਹੈ।
- ਕੀ ਤੁਸੀਂ ਕਦੇ ਉਨ੍ਹਾਂ ਸਾਧਨਾਂ ਨੂੰ ਦੇਖਿਆ ਹੈ ਜੋ ਤੁਹਾਡੇ ਘਰ ਵਿੱਚ ਸਫਾਈ ਲਈ ਵਰਤੇ ਜਾਂਦੇ ਹਨ? ਇਹਨਾਂ ਸਾਧਨਾਂ ਦੀ ਇੱਕ ਸੂਚੀ ਬਣਾਓ।

### (ਉਤਾਰਾ(ਛਾਪਾ

ਹੇਠਾਂ ਦਿੱਤੇ ਸਥਾਨ ਵਿੱਚ ਇਹਨਾਂ ਸਾਧਨਾਂ ਦੀਆਂ ਤਸਵੀਰਾਂ ਬਣਾਓ।



© NCERT not to be republished

## ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣਾ

ਜਦੋਂ ਤੁਸੀਂ ਰਾਸ਼ਟਰੀ ਸਵੱਛਤਾ ਦਿਵਸ (30 ਜਨਵਰੀ) ਮਨਾਉਂਦੇ ਹੋ ਆਪਣੇ ਆਪ ਨੂੰ ਅਤੇ ਆਪਣੇ ਆਲੇ-ਦੁਆਲੇ ਨੂੰ ਹਮੇਸ਼ਾ ਸਾਫ਼ ਰੱਖਣ ਦਾ ਸੰਕਲਪ ਲਓ। ਯਾਦ ਰੱਖੋ ਕਿ ਬਹੁਤ ਜ਼ਿਆਦਾ ਸਮਾਨ ਵਿਅਰਥ ਨਾ ਕਰੋ, ਆਪਣੇ ਕੂੜੇ ਦਾ ਪ੍ਰਬੰਧਨ ਕਰੋ ਅਤੇ ਇੱਕ ਸਾਫ ਅਤੇ ਹਰਿਆਲੀ ਭਰੀ ਦੁਨੀਆ ਬਣਾਉਣ ਲਈ ਕੂੜੇ ਦਾ ਸਹੀ ਢੰਗ ਨਾਲ ਨਿਪਟਾਰਾ ਕਰੋ।

ਸਾਡਾ ਉਦੇਸ਼ ਹੋਣਾ ਚਾਹੀਦਾ ਹੈ **ਵਿਅਰਥ ਕਰਨ ਤੋਂ ਬਚੋ, ਬਰਬਾਦ ਨਾ ਕਰੋ**।



## ਆਓ ਵਿਚਾਰ ਕਰੀਏ

### ੳ. ਵਿਚਾਰ-ਚਰਚਾ ਕਰੋ

੧. ਰਹਿੰਦ-ਖੂੰਹਦ ਕਿਵੇਂ ਬਣਦੀ ਹੈ?

੨. ਅਸੀਂ ਰਹਿੰਦ-ਖੂੰਹਦ ਦਾ ਪ੍ਰਬੰਧਨ ਕਿਵੇਂ ਕਰ ਸਕਦੇ ਹਾਂ?

### ਅ. ਲਿਖੋ

੧. ਪਲਾਸਟਿਕ ਦੇ ਥੈਲਿਆਂ ਅਤੇ ਬੋਤਲਾਂ ਦੀ ਵਰਤੋਂ ਤੋਂ ਬਚਣ ਲਈ, ਆਪਣੇ ਘਰ ਅਤੇ ਸਕੂਲ ਨੂੰ ਨੇੜਿਓਂ ਵੇਖੋ। ਪਲਾਸਟਿਕ ਸਮੱਗਰੀ ਦੀਆਂ ਸਾਰੀਆਂ ਚੀਜ਼ਾਂ ਦੀ ਸੂਚੀ ਬਣਾਓ ਅਤੇ ਲਿਖੋ ਕਿ ਇਹਨਾਂ ਨੂੰ ਹੋਰ ਸੁਰੱਖਿਅਤ ਸਮੱਗਰੀਆਂ ਦੁਆਰਾ ਕਿਵੇਂ ਬਦਲਿਆ ਜਾ ਸਕਦਾ ਹੈ।

੨. ਆਪਣੇ ਸਕੂਲ ਅਤੇ ਘਰ ਵਿੱਚ ਤਿੰਨ ਚੀਜ਼ਾਂ ਦੇ ਨਾਮ ਦੱਸੋ ਜਿੰਨ੍ਹਾਂ ਨੂੰ ਤੁਸੀਂ ਹਰੇ ਕੂੜੇਦਾਨ ਵਿੱਚ ਪਾਓਗੇ ਅਤੇ ਜੋ ਤੁਸੀਂ ਨੀਲੇ ਕੂੜੇਦਾਨ ਵਿੱਚ ਪਾਓਗੇ।

### ੲ. ਆਪਣੀ ਕਾਪੀ ਵਿੱਚ ਚਿੱਤਰ ਬਣਾਓ

੧. ਕਿਸੇ ਅਜਿਹੇ ਪਿੰਡ ਜਾਂ ਸ਼ਹਿਰ ਦਾ ਪੋਸਟਰ ਬਣਾਓ ਜੋ ਆਪਣੇ ਕੂੜੇ ਦਾ ਚੰਗੀ ਤਰ੍ਹਾਂ ਪ੍ਰਬੰਧਨ ਕਰ ਰਿਹਾ ਹੈ। ਆਪਣੇ ਪੋਸਟਰ ਨੂੰ ਇੱਕ ਢੁਕਵਾਂ ਸਿਰਲੇਖ ਦਿਓ।

© NCERT not to be republished



## ਸ. ਜੋੜਿਆਂ ਵਿੱਚ ਅਧਿਅਨ ਕਰੋ

ਤੁਸੀਂ ਇੱਕ ਸਾਫ਼ ਸ਼ਹਿਰ ਦੀ ਭੂਮਿਕਾ ਅਤੇ ਤੁਹਾਡਾ ਮਿੱਤਰ ਇੱਕ ਗੰਦਾ ਸ਼ਹਿਰ ਦੀ ਭੂਮਿਕਾ ਨਿਭਾ ਸਕਦਾ ਹੈ। ਇਸ ਦੌਰਾਨ ਇਸ ਛੋਟੀ ਜਿਹੀ ਗੱਲਬਾਤ ਵਿੱਚ ਸ਼ਾਮਲ ਹੋਵੋ ਕਿ ਤੁਸੀਂ ਦੋਵੇਂ ਕੀ ਸੋਚਦੇ ਹੋ।

## ਹ ਸੋਚੋ, ਵਿਚਾਰ ਕਰੋ ਅਤੇ ਸਾਂਝਾ ਕਰੋ

੧. ਕਲਪਨਾ ਕਰੋ ਕਿ ਤੁਸੀਂ ਆਪਣੇ ਘਰ ਜਨਮਦਿਨ ਦੀ ਪਾਰਟੀ ਕਰ ਰਹੇ ਹੋ। ਇਸ ਦੇ ਤਰੀਕੇ ਕੀ ਹਨ ਜਿੰਨ੍ਹਾਂ ਨਾਲ ਤੁਸੀਂ ਬਿੰਨਾਂ ਵਿਅਰਥ ਕੀਤੇ ਜਨਮਦਿਨ ਮਨਾਉਣ ਦੀ ਕੋਸ਼ਿਸ਼ ਕਰ ਸਕਦੇ ਹੋ? ਇਸ ਦੇ ਲਈ ਪਹਿਲਾਂ ਇਸ ਬਾਰੇ ਸੋਚੋ ਕਿ ਜਨਮਦਿਨ ਦੀ ਪਾਰਟੀ 'ਚ ਕਿਸ ਤਰ੍ਹਾਂ ਦਾ ਕੂੜਾ ਪੈਦਾ ਹੋ ਸਕਦਾ ਹੈ ਅਤੇ ਤੁਸੀਂ ਇਸ ਤੋਂ ਕਿਵੇਂ ਬਚ ਸਕਦੇ ਹੋ ਜਾਂ ਇਸ ਨੂੰ ਕਿਵੇਂ ਘਟਾ ਸਕਦੇ ਹੋ।

੨. ਕੀ ਤੁਸੀਂ ਕੁਦਰਤ ਵਿੱਚ ਰਹਿੰਦ-ਖੂੰਹਦ ਵੇਖੀਆ ਹੈ? ਤੁਸੀਂ ਕੀ ਸੋਚਦੇ ਹੋ ਕਿ ਜੰਗਲ ਵਿੱਚ ਜਾਨਵਰਾਂ, ਸੁੱਕੇ ਪੱਤਿਆਂ ਆਦਿ ਦੀ ਰਹਿੰਦ-ਖੂੰਹਦ ਦਾ ਕੀ ਹੁੰਦਾ ਹੈ?




© NCERT not to be republished



# ਨੋਟ

© NCERT
not to be republished

ਨੋਟ

© NCERT not to be republished